

# DRAMA





# AND



# MUSIC



# IN





# TEACHING









# DRAMA AND MUSIC IN TEACHING



## Submitted to:

Ms. Rinkle mam

## Submitted by:

Kajal Rani

B.Ed {1st sem}

Roll No. 25151


Index

1. **ਨਾਟਕ** : ਨਾਟਕ, ਨਾਟਕ ਦੀਆਂ ਕਿਸਮਾਂ, ਨਾਟਕ ਦੀ ਮਹੱਤਤਾ।

2. **ਪੰਜਾਬੀ ਲੋਕ ਗੀਤ** : ਗੀਤ, ਸਮਾਜਿਕ ਗੀਤ, ਦੇਸ਼ ਪਿਆਰ ਲੋਕ ਗੀਤ, ਸੁਹਾਗ, ਘੋੜੀਆਂ, ਗੀਤਾਂ ਦੀ ਮਹੱਤਤਾ।

3. **ਕਵਿਤਾ** : ਪੰਜਾਬੀ ਕਵਿਤਾਵਾਂ + ਗਣਿਤ ਕਵਿਤਾਵਾਂ।

4. **ਰੋਲ-ਪਲੇਅ (Skit)** : ਪੰਜਾਬੀ ਰੋਲ-ਪਲੇਅ + ਗਣਿਤ ਰੋਲ ਪਲੇਅ

---

1. ਗੀਤ : Social Evil Song : i) ਧੀਆਂ ਨੂੰ ਕੁੱਖ 'ਚ ਨਾ ਮਾਰੋ। ii) ਦੇਸ਼ ਪਿਆਰ ਗੀਤ : ਧਰਤੀਏ ਪਿਆਰ ਕਰੇਂਦੀਏ।
2. ਸੁਹਾਗ : ਚੋਟੀ, ਛੱਲਣ ਦੇ ਓਹਲੇ
3. ਘੋੜੀਆਂ : ਨਿੱਕੀ-ਨਿੱਕੀ ਬੂੰਦੀ, ਨਿੱਕਿਆ ਮੀਂਹ ਵੇ ਵਰ੍ਹੇ।
4. ਕਵਿਤਾ : i) ਆਪ ਨੂੰ ਪਛਾਣ ii) ਹਕੂਮਤ ਤੇਰੀ ਤਲਵਾਰ ਦਾ ਕੱਦ।
5. ਗਣਿਤ : i) ਗਣਿਤ ਦਾ ਜਾਦੂ ii) ਗਣਿਤ ਦੇ ਗੀਤ।
6. Skit : i) ਦਿਆਲੂ ਧਰਤੀ
   ii) ਗਣਿਤ ਦਾ ਹਸਪਤਾਲ।

# ਨਾਟਕ

ਨਾਟਕ ਇੱਕ ਦਰਸ਼ਨੀ ਕਲਾ ਹੈ। ਇਸ ਵਿੱਚ ਮਨੁੱਖੀ ਜੀਵਨ ਨਾਲ ਸੰਬੰਧਿਤ ਕਿਸੇ ਘਟਨਾ ਨੂੰ ਢੁਕਵੇਂ ਪਾਤਰਾਂ ਦੇ ਵਾਰਤਾਲਾਪ ਰਾਹੀਂ ਰੰਗ-ਮੰਚ ਉੱਤੇ ਵਾਪਰਦਾ ਵਿਖਾਇਆ ਜਾਂਦਾ ਹੈ।

ਇਸ ਲਈ ਹਰੇਕ ਨਾਟਕਕਾਰ ਆਪਣੇ ਨਾਟਕ ਦੀ ਰਚਨਾ ਰੰਗ-ਮੰਚੀ ਨਿਯਮਾਂ ਨੂੰ ਮੁੱਖ ਰੱਖਕੇ ਕਰਦਾ ਹੈ। ਇਸ ਵਿੱਚ ਜੀਵਨ ਦੀ ਇੱਕ ਘਟਨਾ, ਇੱਕ ਸਮੱਸਿਆ ਨੂੰ ਵਿਸ਼ਾ ਬਣਾਇਆ ਜਾਂਦਾ ਹੈ। ਨਾਟਕ ਦਰਸ਼ਕਾਂ ਤੇ ਆਪਣਾ ਤਿੱਖਾ ਪ੍ਰਭਾਵ ਛੱਡ ਜਾਂਦਾ ਹੈ।



# ਨਾਟਕ ਦੀਆਂ ਮੁੱਖ ਕਿਸਮਾਂ

- ਸ਼ੈਲੀ ਦੇ ਆਧਾਰ 'ਤੇ : i) ਦੁਖਾਂਤ ii) ਸੁਖਾਂਤ iii) ਮਿਸ਼ਰਤ
- ਉਦੇਸ਼ ਜਾਂ ਵਿਸ਼ੇ ਦੇ ਆਧਾਰ 'ਤੇ : i) ਇਕਾਂਗੀ ii) ਸਮਾਜਿਕ iii) ਇਤਿਹਾਸਕ iv) ਮਿਥਿਹਾਸਕ v) ਰੰਗਮੰਚੀ
- ਸਿੱਖਿਆ ਸ਼ਾਸਤਰ ਵਿੱਚ : i) ਸਕਿੱਟ ii) ਰੋਲ-ਪ

→ **ਦੁਖਾਂਤ / ਤ੍ਰਾਸਦੀ** : ਇਸ ਕਿਸਮ ਦੇ ਨਾਟਕ ਦਾ ਅੰਤ ਦੁਖਦਾਈ ਹੁੰਦਾ ਹੈ। ਮੁੱਖ ਪਾਤਰ ਕਿਸੇ ਵੱਡੀ ਕਮੀ ਜਾਂ ਭਿਆਨਕ ਸਥਿਤੀ ਕਾਰਨ ਤਬਾਹ ਹੋ ਜਾਂਦਾ ਹੈ, ਜਿਸ ਨਾਲ ਦਰਸ਼ਕਾਂ ਵਿੱਚ ਤਰਸ ਦੀ ਭਾਵਨਾ ਪੈਦਾ ਹੁੰਦੀ ਹੈ। ਉਦਾਹਰਨ: ਨਾਨਕ ਸਿੰਘ ਦੇ ਨਾਵਲ 'ਚਿੱਟਾ ਲਹੂ', ਆਦਿ।

→ **ਸੁਖਾਂਤ** : ਇਹ ਨਾਟਕ ਹਾਸ-ਰਸ, ਮਨੋਰੰਜਨ ਅਤੇ ਹਲਕੇ-ਫੁਲਕੇ ਵਿਸ਼ਿਆਂ 'ਤੇ ਆਧਾਰਿਤ ਹੁੰਦਾ ਹੈ। ਇਸ ਦਾ ਅੰਤ ਹਮੇਸ਼ਾ ਖੁਸ਼ੀ ਵਾਲਾ ਜਾਂ ਸੰਤੋਸ਼ਜਨਕ ਹੁੰਦਾ ਹੈ। ਉਦਾਹਰਨ : ਸਮਾਜਿਕ ਬੁਰਾਈਆਂ 'ਤੇ ਵਿਅੰਗ ਕਰਦੇ ਨਾਟਕ, 'ਪੱਥਰ ਦੇ ਖੰਭ' ਵਰਗੇ ਨਾਟਕ।

→ **ਮਿਸ਼ਰਤ** : ਇਸ ਵਿੱਚ ਤ੍ਰਾਸਦੀ ਅਤੇ ਕਾਮੇਡੀ ਦੋਵਾਂ ਦੇ ਤੱਤ ਸ਼ਾਮਲ ਹੁੰਦੇ ਹਨ। ਨਾਟਕ ਵਿੱਚ ਗੰਭੀਰਤਾ ਅਤੇ ਦੁੱਖ ਹੁੰਦਾ ਹੈ, ਪਰ ਅੰਤ ਸੁਖਾਂਤ ਜਾਂ ਘੱਟ ਦੁਖਦਾਈ ਹੁੰਦਾ ਹੈ।







> ਇਕਾਂਗੀ : ਇਹ ਇੱਕ ਛੋਟਾ ਨਾਟਕ ਹੁੰਦਾ ਹੈ। ਜਿਸ ਵਿੱਚ ਸਿਰਫ਼ ਇੱਕ ਅੰਕ ਹੁੰਦਾ ਹੈ। ਇਸ ਦਾ ਉਦੇਸ਼ ਘੱਟ ਸਮੇਂ ਵਿੱਚ ਕੋਈ ਖਾਸ ਸੰਦੇਸ਼ ਦੇਣਾ ਹੁੰਦਾ ਹੈ। ਇਹ ਸਕੂਲਾਂ ਵਿੱਚ ਪ੍ਰਚਲਿਤ ਹੈ।

> ਸਮਾਜਿਕ ਨਾਟਕ : ਇਹ ਨਾਟਕ ਸਮਾਜਿਕ ਮੁੱਦਿਆਂ, ਰਿਸ਼ਤਿਆਂ ਅਤੇ ਸਮਾਜਿਕ ਬੁਰਾਈਆਂ (ਦਾਜ ਪ੍ਰਥਾ, ਭ੍ਰਿਸ਼ਟਾਚਾਰ) ਨੂੰ ਉਜਾਗਰ ਕਰਦਾ ਹੈ।

> ਇਤਿਹਾਸਕ ਨਾਟਕ : ਇਹ ਨਾਟਕ ਕਿਸੇ ਇਤਿਹਾਸਕ ਘਟਨਾ, ਵਿਅਕਤੀ ਜਾਂ ਯੁੱਗ ਤੇ ਆਧਾਰਿਤ ਹੁੰਦਾ ਹੈ

> ਮਿਥਿਹਾਸਕ ਨਾਟਕ : ਪੁਰਾਣੀਆਂ ਕਥਾਵਾਂ, ਦੇਵਤਿਆਂ, ਜਾਂ ਧਾਰਮਿਕ ਗ੍ਰੰਥਾਂ ਦੀਆਂ ਕਹਾਣੀਆਂ ਤੇ ਆਧਾਰਿਤ।

> ਰੰਗਮੰਚੀ ਨਾਟਕ : ਇਹ ਨਾਟਕ ਖੁੱਲ੍ਹੀ ਜਗ੍ਹਾ ਤੇ, ਬਿਨਾ ਕਿਸੇ ਰਸਮੀ ਸਟੇਜ ਦੇ, ਆਮ ਲੋਕਾਂ ਨੂੰ ਜਾਗਰੂਕ ਕਰਨ ਦੇ ਉਦੇਸ਼ ਨਾਲ ਪੇਸ਼ ਕੀਤਾ ਜਾਂਦਾ ਹੈ

> ਸਕਿੱਟ : ਇਹ ਨਾਟਕ ਦਾ ਸਭ ਤੋਂ ਛੋਟਾ ਰੂਪ ਹੈ ਅਤੇ ਅਨੌਪਚਾਰਿਕ ਰੂਪ ਹੈ ਜੋ ਆਮ ਤੌਰ ਤੇ ਕਿਸੇ ਖਾਸ ਸੰਕਲਪ ਜਾਂ ਸਥਿਤੀ ਨੂੰ ਸਿਖਾਉਣ ਲਈ ਵਰਤਿਆ ਜਾਂਦਾ ਹੈ

> ਰੋਲ-ਪਲੇ : ਇਸ ਵਿੱਚ ਅਦਾਕਾਰ ਕਿਸੇ ਖਾਸ ਪਾਤਰ ਦਾ ਕਿਰਦਾਰ ਨਿਭਾਉਂਦੇ ਹਨ ਤਾਂ ਜੋ ਉਸ ਸਥਿਤੀ ਨੂੰ ਮਹਿਸੂਸ ਕਰ ਸਕਣ ਅਤੇ ਸਮਝ ਸਕਣ। ਇਹ ਕਲਾਸਰੂਪ ਦੀ ਇੱਕ ਮਹੱਤਵਪੂਰਨ ਗਤੀਵਿਧੀ ਹੈ

# ਨਾਟਕ ਦੀ ਮਹੱਤਤਾ



Topic ........ Date ........

## • ਸਿੱਖਿਆ ਸਾਮਗਰੀ ਮਹੱਤਤਾ:

→ ਸੰਕਲਪਾਂ ਨੂੰ ਸਪੱਸ਼ਟ ਕਰਨਾ।
→ ਤਰਕਪੱਖੀ ਵਿਕਾਸ।
→ ਭਾਸ਼ਾ ਦਾ ਵਿਕਾਸ।

## • ਮਨੋਵਿਗਿਆਨਕ ਮਹੱਤਤਾ:

→ ਆਤਮ-ਵਿਸ਼ਵਾਸ਼ ਅਤੇ ਪ੍ਰਗਟਾਵਾ।
→ ਰਚਨਾਤਮਕਤਾ।
→ ਸ਼ਖ਼ਸੀਅਤੀ ਵਿਕਾਸ।

## • ਸਮਾਜਿਕ ਅਤੇ ਸੱਭਿਆਚਾਰਕ ਮਹੱਤਤਾ:

→ ਸਹਿਯੋਗ ਅਤੇ ਸਮੂਹਿਕ ਕਾਰਜ।
→ ਸਮਾਜਿਕ ਜਾਗਰੂਕਤਾ।
→ ਸੱਭਿਆਚਾਰਕ ਵਿਰਾਸਤ।

• ਨਾਟਕ ਇੱਕ ਸੰਪੂਰਨ ਸਿੱਖਿਆ ਪ੍ਰਣਾਲੀ ਹੈ ਜੋ ਸਿਰਫ਼ ਯਾਦ ਕਰਾਉਣ ਦੀ ਬਜਾਏ, ਅਨੁਭਵ ਕਰਕੇ ਸਿੱਖਣ 'ਤੇ ਜ਼ੋਰ ਦਿੰਦੀ ਹੈ।

# ਪੰਜਾਬੀ ਲੋਕ ਗੀਤ

# ਲੋਕ ਗੀਤ

ਲੋਕ ਗੀਤ ਸੱਭਿਆਚਾਰ ਦੀ ਰੂਹ ਹੁੰਦੇ ਹਨ। ਇਹਨਾਂ ਗੀਤਾਂ ਵਿੱਚ ਸਮਕਾਲੀ ਸਮਾਜ ਦੀ ਸਰਵਪੱਖੀ ਤਸਵੀਰ ਨਜ਼ਰ ਆਉਂਦੀ ਹੈ। ਇਹਨਾਂ ਲੋਕ ਗੀਤਾਂ ਦੀ ਖਾਸੀਅਤ ਇਹ ਹੈ ਕਿ ਇਹ ਗੀਤ ਔਰਤਾਂ ਦੇ ਭਾਵਾਂ ਤੇ ਵਲਵਲਿਆਂ ਨਾਲ ਭਰਪੂਰ ਹੁੰਦੇ ਹਨ। ਇਹਨਾਂ ਲੋਕ ਗੀਤਾਂ ਦੀ ਰਚਨਾ ਕਿਸੇ ਵਿਸ਼ੇਸ਼ ਕਵੀ ਰਾਹੀ ਨਹੀ ਕੀਤੀ ਜਾਂਦੀ ਸਗੋਂ ਇਹ ਤਾ ਆਮ ਲੋਕਾਂ ਦੇ ਦਿਲਾਂ ਵਿੱਚੋਂ ਉਠਦੇ ਭਾਵ ਗੀਤਾਂ ਦਾ ਰੂਪ ਧਾਰ ਕੇ ਨਿਕਲਦੇ ਹਨ। ਲੋਕ ਗੀਤਾਂ ਦੇ ਬਹੁਤ ਰੂਪ ਹਨ, ਜਿਨ੍ਹਾਂ ਦਾ ਸੰਬੰਧ ਵੱਖ- ਵੱਖ ਖੁਸ਼ੀ ਤੇ ਗਮੀ ਦੇ ਮੌਕਿਆ, ਰਸਮਾਂ ਰਿਵਾਜਾਂ ਨਾਲ ਹੈ।



Topic ........ Date ........

# Social Evils Song

## ਧੀਆਂ ਨੂੰ ਕੁੱਖ ਵਿੱਚ ਨਾ ਮਾਰੋ

ਲੋਕੋ ਨਾ ਇਹ ਕਹਿਰ ਗੁਜ਼ਾਰੋ,
ਧੀਆਂ ਕੁੱਖ ਦੇ ਵਿੱਚ ਨਾ ਮਾਰੋ।

ਸਦਾ ਸਦਾ ਇਹ ਮਾਪਿਆ ਦੇ ਪਰਵਰੀ,
ਖੈਰ ਮਨਾਉਂਦੀਆ ਨੇ,
ਪੁੱਤ ਵੰਡਾਉਂਦੇ ਜ਼ਮੀਨਾਂ ਧੀਆਂ ਦੁੱਖ ਵੰਡਾਉਂਦੀਆ ਨੇ।
ਨਾਲ ਮਸ਼ੀਨਾਂ ਧੀਆ ਟੁਕੜੇ-ਟੁਕੜੇ ਕਰਕੇ ਸੁੱਟ ਦੇਦਾ,
ਕਿਸੇ ਕਲੀ ਨੂੰ ਖਿੜਨੇ ਤੋਂ ਪਹਿਲਾਂ ਪੁੱਟ ਦੇਦਾ।
ਇਹ ਕੈਸਾ ਦਸਤੂਰ ਹੈ ਲੋਕੋ,
ਕੁਝ ਤਾਂ ਸਮਝੋ, ਕੁਝ ਤਾਂ ਸੋਚੋ,
ਕਦੇ ਵਿਚਾਰੀਆ ਗਊਆ ਤੇ ਕਦੇ
ਚਿੜੀਆ ਅਖਵਾਉਂਦੀਆ ਨੇ,
ਪੁੱਤ ਵੰਡਾਉਂਦੇ ਜ਼ਮੀਨਾਂ ਧੀਆ ਦੁੱਖ ਵੰਡਾਉਂਦੀਆ ਨੇ।
ਬਿਨ ਧੀਆ ਦੇ ਖਾਨਦਾਨ ਕਿਵੇਂ ਅੱਗੇ ਤੋਰਾਂਗੇ।
ਕੌਣ ਜੰਮੇਗਾ ਪੁੱਤ ਤੇ ਕਿੱਥੇ ਰਿਸ਼ਤੇ ਜੋੜਾਂਗੇ।
ਇਹਨੂੰ ਗੁਰੂ-ਪੀਰਾ ਵਡਿਆਈਆ,
ਦੁਨੀਆ ਜਿਦੇ ਵਿਚ ਆਣ ਦਿਖਾਇਆ, ਤਾ ਵੀ ਪੈਰ ਦੀ ਜੁੱਤੀ
ਅਖਵਾਉਂਦੀਆ ਨੇ।
ਪੁੱਤ ਵੰਡਾਉਂਦੇ ਜ਼ਮੀਨਾ ਧੀਆ ਦੁੱਖ ਵੰਡਾਉਂਦੀਆ ਨੇ।
ਲੋਕੋ ਇਹ ਕਹਿਰ ਨਾ ਗੁਜ਼ਾਰੋ,
ਧੀਆਂ ਕੁੱਖ ਵਿੱਚ ਨਾ ਮਾਰੋ।

Paper & More











# ਦੇਸ਼ ਪਿਆਰ ਦਾ ਲੋਕ ਗੀਤ

ਪੰਜਾਬ ਦੇ ਲੋਕ ਗੀਤਾਂ ਵਿੱਚ ਮਾਤ-ਭੂਮੀ ਦਾ ਮੋਹ ਕੱਚੇ ਦੁੱਧ ਦੀਆਂ ਧਾਰਾਂ ਵਾਂਗ ਖੁਸ਼ਬੂਆਂ ਵੰਡ ਰਿਹਾ ਹੈ। ਪੰਜਾਬੀ ਇਸ ਦੇ ਚੱਪੇ-ਚੱਪੇ ਨੂੰ ਪਿਆਰ ਕਰਦੇ ਹਨ, ਜ਼ੱਰੇ-ਜ਼ੱਰੇ ਨੂੰ ਇਕ ਨਾਲ ਲਾਉਂਦੇ ਹਨ। ਲੋਕ ਗੀਤਾਂ ਵਿੱਚ ਪੰਜਾਬ ਦੇ ਰੁੱਖਾਂ, ਫਸਲਾਂ, ਰੁੱਤਾਂ, ਖੂਹਾਂ ਅਤੇ ਪੰਛੀਆਂ ਦਾ ਜ਼ਿਕਰ ਦੇਸ਼ ਦੇ ਪ੍ਰੇਮ ਦੇ ਮੋਹ ਦੀ ਸਾਖੀ ਭਰਦਾ ਹੈ

## ਧਰਤੀਏ ਪਿਆਰ ਕਰੇਂਦੀਏ

ਧਰਤੀਏ ਪਿਆਰ ਕਰੇਂਦੀਏ, ਕਰ ਸਾਥਿਓ ਦੀ ਰੀਸ
ਕਦੇ ਕਦੇ ਲੋਕ ਵੰਡਾਈਏ, ਦੁੱਧੇ ਧੁਪ ਅਸੀਸ।
ਧਰਤੀਏ ਪਿਆਰ ਕਰੇਂਦੀਏ, ਤੇਰਾ ਮੱਥਾ ਨੂਰੋ ਨੂਰ।
ਸਿਰ ਤੇ ਸੂਰਜ ਸੋਹਣਿਆ, ਧਰਤਾ ਰਹਾ ਕਸੂਰ,
ਧਰਤੀਏ ਪਿਆਰ ਕਰੇਂਦੀਏ, ਕਿਦਾ ਵਿਛੋ ਕਿਰ
ਤਾਰ ਸੂਰਜ ਦਾ ਚਰਖੜਾ, ਤੰਦ ਕੱਢਦ ਫੇਰ (ਫੇਰ)
ਧਰਤੀਏ ਪਿਆਰ ਕਰੇਂਦੀਏ, ਕੇਹੀ ਸੂਰਜ ਦੀ ਲੋਅ

ਆਦਿ ਜੁਗਾਦੀ ਮੋਹ ਦੀ,
ਜਨਮ ਜਨਮ ਸੇ ਹੋ।।






आप भी
वोट जरूर डालें।
ELECTORAL LITERACY CLUB
वोटर लिस्ट में नाम लिखाएं।
वोटर कार्ड सभी बनवाएं।।

# ਸੁਹਾਗ : ਪੰਜਾਬੀ ਲੋਕ ਗੀਤ

ਵਿਆਹ ਦੇ ਦਿਨਾਂ ਵਿੱਚ ਕੁੜੀ ਦੇ ਘਰ ਇਸਤਰੀਆਂ ਵੱਲੋਂ ਗਾਏ ਜਾਂਦੇ ਲੋਕ-ਗੀਤਾਂ ਨੂੰ ਸੁਹਾਗ ਕਹਿੰਦੇ ਹਨ। ਇਹ ਲੋਕ-ਗੀਤ ਵਿਆਹੀ ਜਾਣ ਵਾਲੀ ਕੁੜੀ ਦੇ ਮਨੋਭਾਵਾਂ, ਵਿਆਹ ਦੀ ਕਾਮਨਾ, ਸੋਹਣੇ ਵਰ ਅਤੇ ਚੰਗੇ ਘਰ ਦੀ ਲੋੜ, ਪੇਕੇ ਅਤੇ ਸਹੁਰੇ ਘਰ ਨਾਲ ਇਕ-ਰਸ ਵਿਆਹੁਤਾ ਜ਼ਿੰਦਗੀ ਦੀ ਕਲਪਨਾ, ਮਾਪਿਆਂ ਦਾ ਘਰ ਛੱਡ ਜਾਣ ਦਾ ਉਦਰੇਵਾਂ ਅਤੇ ਸੱਭਿਆਚਾਰਕ ਪ੍ਰਭਾਵ ਹੇਠ ਘੜੇ ਸੁਪਨਿਆਂ ਆਦਿ ਦੇ ਪ੍ਰਗਟਾਊ ਹੁੰਦੇ ਸੁਹਾਗ ਭਾਵ ਅਤੇ ਵਸਤੂ ਪੱਖੋਂ ਸਰਲ ਹੁੰਦੇ ਹਨ।

## ਬੇਟੀ, ਚੰਨਣ ਦੇ ਓਹਲੇ

ਬੇਟੀ, ਚੰਨਣ ਦੇ ਓਹਲੇ-ਓਹਲੇ ਕਿਉਂ ਖੜ੍ਹੀ?
ਮੈਂ ਤਾਂ ਖੜ੍ਹੀ ਸਾਂ ਬਾਬਲ ਜੀ ਦੇ ਬਾਰ,
ਬਾਬਲ, ਵਰ ਲੋੜੀਏ।
ਬੇਟੀ, ਕਿਹੋ-ਜਿਹਾ ਵਰ ਲੋੜੀਏ?
ਨੀ ਜਾਈਏ, ਕਿਹੋ-ਜਿਹਾ ਵਰ ਲੋੜੀਏ?
ਬਾਬਲ, ਜਿਉਂ ਤਾਰਿਆਂ ਵਿੱਚੋਂ ਚੰਨ,
ਚੰਨਾਂ ਵਿੱਚੋਂ ਕਾਹਨ, ਕਨ੍ਹੱਈਆ ਵਰ ਲੋੜੀਏ।
ਬੇਟੀ ਚੰਨਣ ਦੇ ਓਹਲੇ-ਓਹਲੇ ਕਿਉਂ ਖੜ੍ਹੀ?
ਮੈਂ ਤਾਂ ਖੜ੍ਹੀ ਸਾਂ ਮਾਮਾ ਜੀ ਦੇ ਬਾਰ,
ਮਾਮਾ, ਵਰ ਲੋੜੀਏ।
ਬੇਟੀ ਕਿਹੋ-ਜਿਹਾ ਵਰ ਲੋੜੀਏ?


Paper & More







## ਘੋੜੀਆਂ (ਪੰਜਾਬੀ ਲੋਕ-ਗੀਤ)

ਵਿਆਹ ਦੇ ਦਿਨੀਂ ਮੁੰਡੇ ਦੇ ਘਰ ਇਸਤਰੀਆਂ ਵੱਲੋਂ ਗਾਏ ਜਾਣ ਵਾਲੇ ਲੋਕ-ਗੀਤਾਂ ਨੂੰ ਘੋੜੀਆਂ ਕਹਿੰਦੇ ਹਨ। ਇਨ੍ਹਾਂ ਵਿੱਚ ਮੁੰਡੇ ਦੀ ਮਾਂ, ਭੈਣ ਤੇ ਹੋਰ ਨਜ਼ਦੀਕੀ ਰਿਸ਼ਤੇ ਦੀਆਂ ਇਸਤਰੀਆਂ ਮੁੰਡੇ ਦੇ ਖਾਨਦਾਨ ਦੀ ਸ਼ਾਨ ਦਾ ਵਰਣਨ ਕਰਦੀਆਂ ਹਨ। ਮੁੰਡੇ ਨਾਲ ਉਸ ਦੇ ਮਾਪਿਆਂ ਤੇ ਸਾਕ-ਸੰਬੰਧੀਆਂ ਦੇ ਮੋਹ ਦਾ ਰਿਸ਼ਤਾ ਤੇ ਲਾਡ ਪਿਆਰ ਦੱਸਿਆ ਹੁੰਦਾ ਹੈ। ਅਤੇ ਉਸ ਦੇ ਭਵਿੱਖ ਬਾਰੇ ਸ਼ੁਭ ਕਾਮਨਾਵਾਂ ਪ੍ਰਗਟ ਕੀਤੀਆਂ ਹੁੰਦੀਆਂ ਹਨ। ਘੋੜੀਆਂ ਨੂੰ ਇਸਤਰੀਆਂ ਰਲ ਕੇ ਗਾਉਂਦੀਆਂ ਹਨ।

### ਨਿੱਕੀ-ਨਿੱਕੀ ਬੂੰਦੀ, ਨਿੱਕਿਆ ਮੀਂਹ ਵੇ ਵੱਸੇ

ਨਿੱਕੀ-ਨਿੱਕੀ ਬੂੰਦੀ, ਨਿੱਕਿਆ ਮੀਂਹ ਵੇ ਵੱਸੇ, ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ।
ਨਿੱਕੀ-ਨਿੱਕੀ ਬੂੰਦੀ, ਨਿੱਕਿਆ ਮੀਂਹ ਵੇ ਵੱਸੇ, ਦੰਮਾਂ ਦੀ ਬੋਰੀ ਤੇਰਾ ਬਾਬਾ ਫੜੇ।
ਨਿੱਕੀ-ਨਿੱਕੀ ਬੂੰਦੀ, ਨਿੱਕਿਆ ਮੀਂਹ ਵੇ ਵੱਸੇ, ਗਾਈਆਂ ਦਾ ਸੰਗਲ ਤੇਰਾ ਬਾਪੂ ਫੜੇ।
ਨਿੱਕੀ-ਨਿੱਕੀ ਬੂੰਦੀ, ਨਿੱਕਿਆ ਮੀਂਹ ਵੇ ਵੱਸੇ, ਨੀਲੀ ਵੇ ਘੋੜੀ ਮੇਰਾ ਨਿੱਕੜਾ ਚੜ੍ਹੇ।
ਨੀਲੀ-ਨੀਲੀ ਘੋੜੀ ਮੇਰਾ ਨਿੱਕੜਾ ਚੜ੍ਹੇ। ਵੇ ਨਿੱਕਿਆ, ਭੈਣ ਸੁਹਾਗਣ ਤੇਰੀ ਵਾਗ ਫੜੇ, ਪੀਲੀ ਦਾਲ ਤੇਰੀ ਘੋੜੀ ਚਰੇ। ਵੇ ਨਿੱਕਿਆ, ਭਾਬੀ ਵੇ ਸੁਹਾਗਣ ਤੇਰੇ ਸੁਰਮਾ ਪਵੇ। ਵੇ ਨਿੱਕਿਆ, ਰੱਤਾ-ਰੱਤਾ ਡੋਲਾ ਮਹਿਲੀਂ ਆ



Paper & More






ਰੁੱਖ ਦੀ ਠੰਢੀ ਛਾਂ,
ਜਿਵੇਂ ਲੋਰੀ ਦੇਵੇ ਮਾਂ...

# ਲੋਕ ਗੀਤਾਂ ਦੀ ਮਹੱਤਤਾ

ਲੋਕ ਗੀਤਾਂ ਦੀ ਸਿੱਖਿਆ ਦੇ ਵਿੱਚ ਬਹੁਤ ਮਹੱਤਤਾ ਹੈ. ਕਿਉਂਕਿ ਪੰਜਾਬੀ ਲੋਕ ਗੀਤ ਸਾਡੇ ਪੰਜਾਬੀ ਸੱਭਿਆਚਾਰ ਦੀ ਮੂੰਹ ਬੋਲਦੀ ਤਸਵੀਰ ਹਨ। ਇਹਨਾਂ ਗੀਤਾਂ ਨੂੰ ਸੁਣ ਕੇ ਵਿਦਿਆਰਥੀਆਂ ਨੂੰ ਪੰਜਾਬ ਦੇ ਪੁਰਾਣੇ ਇਤਿਹਾਸ / ਵਿਰਸੇ ਦਾ ਪਤਾ ਲੱਗ ਜਾਂਦਾ ਹੈ

ਪੰਜਾਬ ਦੇ ਦਰਿਆਵਾਂ ਦੀ ਰਵਾਨੀ, ਲਹਿ ਲਹਿ ਕਰਦੇ ਖੇਤਾਂ ਦੀ ਸੁਗੰਧੀ, ਗੱਭਰੂਆਂ ਦੇ ਭੰਗੜੇ, ਪਿੰਡਾਂ ਦੇ ਮੇਲੇ ਇਹ ਸਭ ਸਾਫ਼ ਨਜ਼ਰੀ ਆਉਂਦੇ ਹਨ। ਪੰਜਾਬੀ ਲੋਕ ਗੀਤਾਂ ਦਾ ਖੇਤਰ ਬਹੁਤ ਹੀ ਵਿਸ਼ਾਲ ਹੈ। ਉਹ ਜੀਵਨ ਦੇ ਹਰ ਪੱਖ ਨੂੰ ਉਜਾਗਰ ਕਰਦੇ ਹਨ। ਵਿਦਿਆਰਥੀ ਨੂੰ ਜੀਵਨ ਦੇ ਹਰ ਪੱਖ ਜਾਣਨ ਦਾ ਮੌਕਾ ਮਿਲਦਾ ਹੈ

ਲੋਕ ਗੀਤ ਭਾਵ ਅਤੇ ਬਣਤਰ ਪੱਖੋਂ ਭਰਪੂਰ ਹੁੰਦੇ ਹਨ। ਇਹਨਾਂ ਲੋਕ ਗੀਤਾਂ ਰਾਹੀਂ ਵਿਦਿਆਰਥੀ ਸੱਭਿਆਚਾਰਕ ਭਾਸ਼ਾ ਨੂੰ ਵੀ ਸਿੱਖਦਾ ਹੈ ਕਿਉਂਕਿ ਅੱਜ ਕੱਲ ਬੋਲ ਚਾਲ ਪੱਛਮੀ ਰੰਗ ਦਾ ਹੁੰਦਾ ਜਾ ਰਿਹਾ ਹੈ ਲੋਕ ਗੀਤ ਵਿਦਿਆਰਥੀ ਨੂੰ ਆਪਣੀ ਸੱਭਿਆਚਾਰਕ ਭਾਸ਼ਾ ਨਾਲ ਜੋੜਦੀ ਹੈ

ਲੋਕ ਗੀਤਾਂ ਵਿਚ ਵਿਦਿਆਰਥੀਆਂ ਨੂੰ ਸਮਾਜ ਵਿੱਚ ਰਿਸ਼ਤਿਆਂ ਦੀ ਲਹਿਰਾਂ ਉੱਠਦੀਆਂ ਉਨ੍ਹਾਂ ਦਾ ਜ਼ਿਕਰ ਵੀ ਮਿਲਦਾ ਹੈ ਪਰ ਆਧੁਨਿਕ ਸਮੇਂ 'ਚ ਇਨ੍ਹਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ ਸਾਨੂੰ ਇਨ੍ਹਾਂ ਦੀ ਸੰਭਾਲ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਆਪਣਾ ਸੱਭਿਆਚਾਰ ਬਚਾ ਸਕੀਏ ਕਿਉਂਕਿ ਇਹ ਗੀਤ ਲੋਕ ਕਲਾ ਦੀ ਮਹਾਨ ਵਿਸ਼ਤਾ ਨੂੰ ਪ੍ਰਗਟਾਉਂਦੇ ਹਨ।



Paper & More

# ਕਵਿਤਾ

ਸਾਹਿਤ ਦੇ ਦੋ ਮੁੱਖ ਤੌਰ ਜਨ-ਕਵਿਤਾ ਅਤੇ ਨਾਟਕ। ਨਾਟਕ ਦਾ ਮੁੱਖ ਉਦੇਸ਼ ਕੁਝ ਸਿਖਾਉਣਾ ਸਮਝਾਉਣਾ ਜਾ ਗਿਆਨ ਦੇਣਾ ਹੁੰਦਾ ਹੈ। ਭਾਵੇਂ ਕਵਿਤਾ ਰਾਹੀਂ ਵੀ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਪਰ ਇੱਥੇ ਗਿਆਨ ਪ੍ਰਮੁੱਖ ਨਹੀਂ ਹੁੰਦਾ। ਜਿਵੇਂ ਯੁੱਧ ਕਲਾ ਉੱਤੇ ਲਿਖੀ ਇੱਕ ਕਿਤਾਬ ਪਾਠਕ ਨੂੰ ਯੁੱਧ ਦੀ ਤਕਨੀਕੀ ਜਾਣਕਾਰੀ ਦਿੰਦੀ ਹੈ। ਇਹ ਜਾਣਕਾਰੀ ਪ੍ਰਾਪਤ ਕਰਕੇ ਸਿਪਾਹੀ ਇੱਕ ਚੰਗੀ ਤਰ੍ਹਾਂ ਲੜ ਸਕਦਾ ਹੈ ਪਰ ਕਵਿਤਾ ਦਾ ਇੱਕ ਕਾਵਿ ਰੂਪ 'ਵਾਰ' ਉਸ ਸਿਪਾਹੀ ਵਿੱਚ ਜੋਸ਼ ਭਰਦਾ ਹੈ ਅਤੇ ਦਲੇਰੀ ਲਿਆਉਂਦਾ ਹੈ ਅਤੇ ਉਸ ਨੂੰ ਮਰੋ-ਤੇਜ਼ੀ ਵਿੱਚ ਲੜਾਈ ਕਰਨ ਲਈ ਉਤਸ਼ਾਹਿਤ ਕਰਦਾ ਹੈ।



Topic ........ Date ........

## ਕਵਿਤਾ : i) ਆਪ ਨੂੰ ਪਛਾਣ

ਘੀਏ ਆਪ ਨੂੰ ਪਛਾਣ,
ਜੇ ਤੈਂ ਆਪਣਾ ਆਪ ਪਛਾਤਾ,
ਸਾਈਂ ਦਾ ਮਿਲਣ ਆਸਾਨ॥
ਸੁਇਨੇ ਦੇ ਕੋਟ ਰੁਪਿਹਰੀ ਛੱਜੇ, ਜਰ ਘਿਨ ਜਾਣ ਮਸਾਣ॥
ਤੇਰੇ ਸਿਰ ਤੇ ਜਮ ਸਾਸਜ਼ ਕਰਦਾ, ਭਾਵੇਂ ਤੂੰ ਜਾਣ ਨਾ ਜਾਣ॥
ਜਾਪੇ ਤਿੰਨ ਰੱਬ ਸਿਰਖੁ ਤੁਸਾਡਾ,
ਏਡੀ ਤੂੰ ਤਾਣ ਨਾ ਤਾਣ॥
ਸੁਇਨਾ ਰੁਪਾ ਤੇ ਮਾਲ ਖ਼ਜ਼ੀਨਾ,
ਜੋਇ ਰਹਿਆ ਮਿਹਮਾਨ॥
ਕਹੈ ਹੁਸੈਨ ਫ਼ਕੀਰ ਨਿਮਾਣਾ,
ਛਡਿ ਦੇ ਖੁਦੀ ਤੇ ਗੁਮਾਨ॥

ਕਵੀ- ਸ਼ਾਹ ਹੁਸੈਨ (1539-1593)

## ਕਵਿਤਾ : ii) ਹਕੂਮਤ ਤੇਰੀ, ਤਲਵਾਰ ਦਾ ਕੱਦ

ਹਕੂਮਤ! ਤੇਰੀ ਤਲਵਾਰ ਦਾ ਕੱਦ ਘਾਤੁ ਲਿਆ ਹੈ
ਕਵੀ ਦੀ ਕਲਮ ਤੋਂ ਕੀਤੇ ਲਿਆ,
ਕਵਿਤਾ ਕੋਲ ਆਪਣਾ ਘਾੜਾ ਰਾਹ ਹੈ
ਤੇਰੇ ਕਾਨੂੰਨ ਵਾਂਗ ਜੀਹੀ ਨਹੀ
ਤੇਰੀ ਜੇਲ੍ਹ ਹੋ ਸਕਦੀ ਹੈ ਕਵਿਤਾ ਲਈ ਹਜ਼ਾਰ ਵਾਰ
ਪਰ ਇਹ ਕਦੇ ਨਹੀਂ ਹੋਣਾ
ਕਿ ਕਵਿਤਾ ਤੇਰੀ ਜੇਲ੍ਹ ਲਈ ਹੋਵੇ॥

ਕਵੀ- ਅਵਤਾਰ ਸਿੰਘ ਸੰਧੂ 'ਪਾਸ਼' (1950-1988)

Paper & More







Topic........................ Date........................

# Poem : i) (Math - Subject)
## Topic : "ਗਣਿਤ ਦਾ ਜਾਦੂ"

ਗਣਿਤ ਹੈ ਚੀਜ਼ਿਆਂ ਦਾ ਸਾਰ,
ਸਿਖਾਵੇ ਗਿਆਨ ਬੜਾ ਸੰਸਾਰ।
ਜੋੜ ਕਰਾਵੇ – ਵਧ ਜਾਵੇ।
ਘਾਟ ਕਰਾਵੇ – ਘਟ ਜਾਵੇ।
ਆਕਾਰ ਸਾਰੇ ਇਸੇ ਬਾਣੀ,
ਵਰਤੁਲ, ਵਰਗ – ਵਾਰ-ਵਾਰ ਸਾਰੀ।
ਚੋਣਾਨਾ ਲਗੀ ਸਾਡਾ ਸਾਰ,
ਗਣਿਤ ਨਾਲ ਜੁੜਦਾ ਸੰਸਾਰ ॥

## Poem : ii) "ਗਣਿਤ ਦੇ ਗੀਤ"

ਇੱਕ ਪੂਰਾ – ਸਭ ਤੋਂ ਵਧੀਆ,
ਅੱਧਾ-ਅੱਧਾ – ਹੋ ਜਾਵੇ ਜੀਅ ॥
ਚਾਰ ਹਿੱਸੇ – ਕੁਆਰਟਰ ਬਣਾਏ,
ਬਰਾਬਰੀ ਦੇ ਸਬਕ ਸਿਖਾਏ।
ਭਾਗ ਸਿਖਾਵੇ ਸਾਂਝ ਦਾ ਰੰਗ,
ਪਿਆਰ ਵੰਡੇ – ਦੂਰ ਕਰੇ ਜੰਗ ॥






1
2
3

Topic............................................Date............................

# SKIT (Punjabi-Subject)

## Topic :- ਦਇਆਲੂ ਬਿਰਤੀ

ਖੁਸ਼ੀਆਂ ਵੰਡਦੇ ਚੱਲੋ (ਰੋਲ-ਪਲੇਅ)

**ਪਹਿਲੀ ਝਾਕੀ:** ਸੂਤਰਧਾਰ: ਅਸੀਂ ਸਾਰੇ 'ਅੰਮ੍ਰਿਤ, ਘਿੰਦਰ' ਪਹਿਲੇ ਨਹੀਂ ਸਮਝ ਆਉਂਦੇ ਸੀ, ਆਓ ਦੇਖੀਏ ਕਮਰੇ ਦੇ ਵਿਚ ਕੀ ਕੁਝ ਕੀਤੇ ਨੇ............ (ਅੰਮ੍ਰਿਤ ਮੂੰਹ ਵਿੱਚ ਕੁਝ ਗਾਣ ਗਾਉਂਦਾ ਆ ਰਿਹਾ ਹੈ)

ਅੰਮ੍ਰਿਤ : ਕਰ ਭਲਾ ਹੋ ਭਲਾ, ਅੰਤ ਭਲੇ ਦਾ ਭਲਾ।.... ਕਰ ਭਲਾ ਹੋ ਭਲਾ....

ਘਿੰਦਰ: ਅੰਮ੍ਰਿਤ, -- ਰੁਕ, ਰੁਕ, ਰੁਕ ਯਾਰ। ਅੱਜ ਤੂੰ ਭਲੇ ਕੰਮ ਕਦੋਂ ਤੋਂ ਕਰਨ ਲੱਗ ਪਿਐਂ?

ਅੰਮ੍ਰਿਤ: ਯਾਰ। ਊਂ ਤਾਂ ਸਾਨੂੰ ਭਲੇ ਕੰਮ ਹੀ ਕਰਨੇ ਚਾਹੀਦੇ ਆ। ਮੇਰੇ ਦਾਦੀ ਜੀ ਦੀ ਕੱਲ੍ਹ ਇਹੀ ਕਹਾਣੀ ਸੁਣਾ ਰਹੇ ਸਨ।

ਘਿੰਦਰ: ਅੱਛਾ! ਫਿਰ ਤੂੰ ਭਲਾ ਕੰਮ ਮੇਰੇ ਤੋਂ ਹੀ ਸ਼ੁਰੂ ਕਰ ਦੇ, ਅੰਮ੍ਰਿਤ ਜੀ।

ਅੰਮ੍ਰਿਤ: ਉਹ ਕਿਵੇਂ!?

ਘਿੰਦਰ: ਤੈਨੂੰ ਪਤਾ ਹੀ ਆ, ਮੇਰੇ ਘਰ ਦੇ ਮੈਨੂੰ ਸਾਈਕਲ ਲੈ ਕੇ ਨਹੀਂ ਦੇ ਸਕਦੇ। ਤੂੰ ਹੀ ਲੈ ਜਾਇਆ ਕਰ ਮੈਨੂੰ ਸਕੂਲ ਤੱਕ।

ਅੰਮ੍ਰਿਤ: ਲੈ ਯਾਰ, ਤੂੰ ਰੋਜ਼ ਮੇਰੇ ਨਾਲ ਹੀ ਜਾਇਆ ਕਰ। ਆ ਬੈਠ ਪਿੱਛੇ।

ਘਿੰਦਰ: (ਸਾਈਕਲ ਦੇ ਕੈਰੀਅਰ 'ਤੇ ਬੈਠਦੇ ਹੋਏ।) ਧੰਨਵਾਦ ਅੰਮ੍ਰਿਤ।

ਅੰਮ੍ਰਿਤ: ਲੈ ਯਾਰ, ਧੰਨਵਾਦ ਵਾਲੀ ਕਿਹੜੀ ਗੱਲ ਹੈ। ਇਹ ਤਾਂ ਫਰਜ਼ ਆ ਸਾਡਾ।

(ਏਨੇ ਨੂੰ 6ਵੀਂ ਵਿੱਚ ਪੜ੍ਹਦਾ ਸੋਨੂ ਉਹਨਾਂ ਕੋਲੋਂ ਲੰਘਦਾ ਅਚਾਨਕ ਡਿੱਗ ਪੈਂਦਾ ਹੈ।)

ਸੋਨੂ: ਭਾਅ ਜੀ, ਚੁੱਕਿਓ ਮੈਨੂੰ, ਚੁੱਕਿਓ ਮੈਨੂੰ।

Paper & More





Topic.................................................... Date....................................

ਪਿੰਦਰ: ਓਏ! ਐਨਾ ਡਰਿਆ 'ਤੇ ਕਿਉਂ ਸਹਮ ਗਇਆ ਫਿਰਦੈਂ? ਖਾਊਂਗਾ ਨਾ, ਛੱਡਦਾ ਤੈਨੂੰ।

ਸੌਰਵ: ਜਲਦੀ ਕਰ ਰਿਹਾ ਸੀ। ਮੇਰੀ ਤਾਂ ਵਰਦੀ ਵੀ ਖਰਾਬ ਹੋ ਗਈ।

ਅੰਮ੍ਰਿਤ: (ਸੌਰਵ ਦੀ ਵਰਦੀ ਝਾੜਦਿਆਂ ਉਸ ਨੂੰ ਕਲਾਵੇ 'ਚ ਲੈ ਕੇ ਫਿਕਰ ਨਾਲ ਪੁੱਛਦਾ ਹੈ।) ਕੋਈ ਸੱਟ ਸੁੱਟ ਤਾਂ ਨਹੀਂ ਲੱਗੀ।

ਸੌਰਵ: ਨਹੀਂ ਭਾਅ ਜੀ। ਬਚਾਅ ਹੋ ਗਿਆ।

ਅੰਮ੍ਰਿਤ: ਠੀਕ ਹੈ, ਪਰ ਤੂੰ ਸਾਇਕਲ ਹੌਲੀ ਚਲਾਇਆ ਕਰ।

## ਦੂਸਰੀ ਝਾਕੀ

ਸੂਤਰਧਾਰ: ਦੋ ਤਿੰਨੇ ਦੇ ਕਾਰਨ ਕਰਕੇ, ਅੰਮ੍ਰਿਤ ਪਿੰਦਰ ਆਏ ਸਕੂਲੇ, ਘਰਾਂ ਤੋਂ ਦਿਮਾਗ਼ ਲਗਾ ਕੇ, ਮੈਡਮ ਜੀ ਨੂੰ ਕੀ ਕੀ ਬੋਲੇ......

(ਸਕੂਲ ਦੀ ਜਮਾਤ ਤੋਂ ਪਹਿਲਾਂ ਅਧਿਆਪਕਾ ਨੂੰ ਦੇਖ ਕੇ ਸਤਿਕਾਰ ਨਾਲ ਅੰਮ੍ਰਿਤ ਫਿਰ ਗੁਣਗੁਣਾਉਂਦਾ ਹੈ।)

ਅੰਮ੍ਰਿਤ: ਕਰ ਭਲਾ ਹੋ ਭਲਾ, ਅੰਤ ਭਲੇ ਦਾ ਭਲਾ।... ਸਤਿ ਸ੍ਰੀ ਅਕਾਲ ਮੈਡਮ ਜੀ।

ਮੈਡਮ: ਸਤਿ ਸ੍ਰੀ ਅਕਾਲ ਬੇਟਾ। ਸਤਿ ਸ੍ਰੀ ਅਕਾਲ।

ਪਿੰਦਰ: ਮੈਡਮ ਜੀ ਲਿਆਓ ਆਪਣਾ ਬੈਗ, ਸਾਨੂੰ ਫੜਾ ਦਿਓ।

ਮੈਡਮ: ਨਹੀਂ, ਬੇਟੇ ਰਹਿਣ ਦਿਓ।

ਅੰਮ੍ਰਿਤ: (ਬੈਗ ਵੱਲ ਹੱਥ ਵਧਾਉਂਦਿਆਂ) ਮੈਡਮ ਜੀ, ਤੁਸੀਂ ਫੜਾਓ। ਮੇਰੇ ਦਾਦਾ ਜੀ ਕਹਿੰਦੇ ਸਨ ਕਿ ਦੂਜਿਆਂ ਦੇ ਕੰਮ ਆਉਣ ਨਾਲ ਅਸੀਸਾਂ ਮਿਲਦੀਆਂ ਨੇ।

ਮੈਡਮ: ਵਾਹ! ਬਹੁਤ ਚੰਗਾ। ਆਓ ਆਹ ਫੜੋ ਤੇ ਫ਼ਾਈਲਾਂ ਪ੍ਰਿੰਸੀਪਲ ਸਾਹਿਬ ਨੂੰ ਦੇ ਆਓ।

(ਪ੍ਰਿੰਸੀਪਲ ਸਾਹਿਬ ਦਫ਼ਤਰ ਦੇ ਬਾਹਰ ਹੀ ਖੜ੍ਹੇ ਸਨ) ਦੋਵੇਂ ਉਹਨਾਂ ਵੱਲ ਵੱਧਦੇ ਹਨ।)

ਦੋਵੇਂ ਮੁੰਡੇ: ਸਤਿ ਸ੍ਰੀ ਅਕਾਲ ਸਰ।





ਪ੍ਰਿੰਸੀਪਲ : ਸਤਿ ਸ੍ਰੀ ਅਕਾਲ ਬੇਟੇ।

ਮਨਪ੍ਰੀਤ : ਸਰ ਆਹ ਫਾਈਲਾਂ ਪੰਜਾਬੀ ਵਾਲੇ ਮੈਡਮ ਜੀ ਨੇ ਤੁਹਾਡੇ ਵੱਲ ਭੇਜੀਆਂ ਨੇ।

ਪ੍ਰਿੰਸੀਪਲ: ਆਹ, ਦਫ਼ਤਰ ਵਿੱਚ ਰੱਖ ਦਿਓ।

(ਪ੍ਰਿੰਸੀਪਲ ਸਾਹਿਬ ਦਰਵਾਜ਼ਾ ਖੋਲ੍ਹਣ ਤੋਂ ਪਹਿਲਾਂ ਹੀ ਵਿਵੇਕ ਫੁਰਤੀ ਨਾਲ ਜਾ ਕੇ ਸਤਿਕਾਰ ਨਾਲ ਦਰਵਾਜ਼ਾ ਖੋਲ੍ਹਦਾ ਹੋਇਆ...)

ਵਿਵੇਕ : ਆਓ ਸਰ ਜੀ।

ਪ੍ਰਿੰਸੀਪਲ: ਸ਼ੁਕਰੀਆ ਬੇਟੇ, ਸ਼ੁਕਰੀਆ।

ਦੋਵੇਂ : ਮਿਹਰਬਾਨੀ ਸਰ।

(ਸਤਿਕਾਰ ਸਹਿਤ ਧੰਨ ਕਹਿ ਕੇ ਦੋਵੇਂ ਸਾਹਮਣੇ ਬੈਠੇ ਵਿਦਿਆਰਥੀਆਂ ਵਿੱਚ ਵਾਪਸ ਚਲੇ ਜਾਂਦੇ ਹਨ।)

## ਤੀਸਰੀ ਝਾਕੀ

(ਜਮਾਤ ਇੰਚਾਰਜ ਅਧਿਆਪਕ ਵਿਦਿਆਰਥੀਆਂ ਤੋਂ ਫੀਸਾਂ ਇਕੱਠੀਆਂ ਕਰ ਰਿਹਾ ਹੈ।) ਸੂਤਰਧਾਰ: ਦੋ ਕੁੜੀਆਂ ਨੇ ਹਰਮਨ ਕੋਮਲ ਪੜ੍ਹਾਈ ਤਾਂ ਖੂਬ ਕਰਦੀਆਂ ਨੇ। ਆਓ ਦੇਖੀਏ ਇਹ ਸਕੂਲੇ ਤਕ ਕੰਮ ਵੀ ਕਰਦੀਆਂ ਨੇ.....

ਇੰਚਾਰਜ : ਲਿਆਓ ਬਈ ਬੱਚਿਓ, ਆਪੋ ਆਪਣੀਆਂ ਫੀਸਾਂ।

ਹਰਮਨ : ਜੀ, ਸਰ। ਆਹ ਪਹਿਲਾਂ ਮੇਰੀ ਫੀਸ ਲਓ।

ਇੰਚਾਰਜ : (ਪੰਜ ਸੌ ਦਾ ਨੋਟ ਦੇਖ ਕੇ) ਵਾਹ, ਬਈ ਵਾਹ! (ਬਕਾਇਆ ਪੈਸੇ ਵਾਪਸ ਕਰਦਾ ਹੈ।)

ਹਰਮਨ : ਠੀਕ ਹੈ ਸਰ, ਧੰਨਵਾਦ।

ਇੰਚਾਰਜ: ਚੱਲੋ ਕੋਮਲ ਤੁਸੀਂ ਵੀ ਲਿਆਓ।

ਕੋਮਲ : ਲਓ ਸਰ, ਮੇਰੀ ਫੀਸ।

ਇੰਚਾਰਜ: ਹਾਂ ਜੀ ਦੀਪੀ, ਤੁਸੀਂ ਕਿਉਂ ਨਹੀਂ ਉੱਠ ਰਹੇ? ਹਾਂ ਜੀ ਬੇਟੇ ਤੁਸੀਂ ਵੀ ਜਮ੍ਹਾਂ ਕਰਵਾਓ।





ਦੀਪੀ: ਸਰ, ਮੈਂ ਅੱਜ ਫੀਸ ਨਹੀ ਲਿਆ ਸਕੀ।

ਪ੍ਰਿੰਸੀਪਲ: ਬੇਟਾ ਲਿਆ ਨਹੀ ਸਕੇ ਕਿ ਚੇਤਾ ਭੁੱਲ ਗਿਆ?

ਦੀਪੀ: ਨਹੀ ਸਰ, ਇਹ ਗੱਲ ਨਹੀਂ। ਐਤਕੀਂ ਪਾਪਾ ਦੀ ਕੋਈ ਦਿਹਾੜੀ ਹੀ ਨਹੀ ਲੱਗੀ ਤੇ ਮੰਮੀ ਜੀ ਬਿਮਾਰ ਹਨ।

ਪ੍ਰਿੰਸੀਪਲ: ਅੱਛਾ! ਕੋਈ ਗੱਲ ਨਹੀਂ। ਇਹ ਫ਼ੀਸ ਮੈਂ ਹੀ ਭਰ ਦਿੰਦਾ ਹਾਂ ਤੂੰ ਮਨ ਲਗਾ ਕੇ ਪੜ੍ਹਿਆ ਕਰ।

ਨਹੀ ਸਰ; ਤੁਸੀ ਰਹਿਣ ਦਿਓ। ਇਹ ਦੀਪੀ ਦੀ ਫੀਸ ਮੈਂ ਦਿਆਂਗਾ। ਪਾਪਾ ਅਕਸਰ ਕਹਿੰਦੇ ਹਨ ਕਿ ਪੁੱਤਰ ਦਇਆਲੂ ਬਣ ਕੇ ਲੋੜਵੰਦ ਸਾਥੀਆਂ ਦੀ ਮਦਦ ਕਰਿਆ ਕਰੋ।

ਪ੍ਰਿੰਸੀਪਲ: ਸ਼ਾਬਾਸ਼ ਰਮਨ।

ਰਾਮ ਪ੍ਰਸਾਦ: ਸਰ, ਮੇਰੀ ਫੀਸ ਵੀ ਰਹਿੰਦੀ ਏ। ਮੇਰੇ ਕੋਲ ਅੱਧੀ ਫੀਸ ਜੋਗੇ ਪੈਸੇ ਹੀ ਹਨ। ਅੱਧੇ ਫੇਰ ਦੇ ਦੇਵਾਂਗਾ।

ਕੋਮਲ: (ਵਿੱਚੋਂ ਹੀ ਖੜੀ ਹੋ ਕੇ) ਹਾਂ ਜੀ ਸਰ। ਰਾਮ ਪ੍ਰਸਾਦ ਸਾਡੇ ਮੁਹੱਲੇ ਵਿੱਚ ਹੀ ਆਪਣੇ ਨਾਨਕਿਆਂ ਦੇ ਰਹਿੰਦਾ ਏ। ਇਸ ਦੀ ਬਾਕੀ ਫੀਸ ਮੇਰੇ ਬਚਾਏ ਚੋਂ ਕੱਟ ਲਵੋ।

ਪ੍ਰਿੰਸੀਪਲ: ਜਿਊਂਦੇ ਰਹੋ ਬੱਚੀ ਸ਼ੇਰ ਬੱਚਿਓ। ਤੁਸੀ ਬੜੇ ਦਇਆਲੂ ਬੱਚੇ ਓ। ਸਾਥੀ ਦੀ ਮਦਦ ਵੀ ਹੋ ਜਾਂਦੀ ਏ ਤੇ ਖੁਸ਼ੀ ਵੀ ਮਿਲਦੀ ਏ।

ਰਾਮ ਪ੍ਰਸਾਦ: (ਸਿਰ ਝੁਕਾ ਕੇ ਨਿਮਰਤਾ ਸਹਿਤ ਖੁਸ਼ੀ ਪ੍ਰਗਟ ਕਰਦਾ ਹੈ)

• (ਇਹ ਸਭ ਦੇਖ ਕੇ ਸਾਰੀ ਜਮਾਤ ਦੇ ਵਿਦਿਆਰਥੀ ਹੀ ਇਕ ਵੱਖਰੇ ਸਕੂਨ ਵਿੱਚ ਨਜ਼ਰ ਆਉਂਦੇ ਹਨ। ਅਧਿਆਪਕ ਉਹਨਾਂ ਦੇ ਚਿਹਰੇ ਦੀ ਰੌਣਕ ਦੇਖ ਕੇ ਖੁਸ਼ ਹੋ ਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਾ ਹੈ)

ਪ੍ਰਿੰਸੀਪਲ: ਬਹੁਤ ਅੱਛੇ। ਬੱਚਿਓ, ਦੇਖਿਆ ਦਇਆਲੂ ਬਿਰਤੀ ਕਿੰਨਾ ਸਕੂਨ ਦਿੰਦੀ ਏ! ਬੱਸ ਇਹੀ ਜ਼ਿੰਦਗੀ ਦਾ ਅਸਲ ਸ਼ਿੰਗਾਰ ਏ। ਚੱਲੋ ਬਾਕੀ ਸਾਰੇ ਬੱਚੇ ਕੱਢੋ ਆਪੋ-ਆਪਣੀਆਂ ਕਿਤਾਬਾਂ ਤੇ ਅੱਗੇ ਪੜ੍ਹੀਏ ਸੁਚੱਜੀ ਜ਼ਿੰਦਗੀ ਦਾ ਅਗਲਾ ਪਾਠ॥



Topic........................................................................Date..............................

# (Mathematics- Skit)

## Topic: 'ਗਣਿਤ ਹਸਪਤਾਲ'

**ਪਾਤਰ:** i) ਡਾਕਟਰ ਜੋੜ (Addition)
ii) ਨਰਸ ਘਟਾਉ (Subtraction)
iii) ਮਰੀਜ਼ ਨੰਬਰ (ਦੋ ਵਿਦਿਆਰਥੀ)
iv) ਡਾਕਟਰ ਗੁਣਾ (Multiplication)
v) ਡਾਕਟਰ ਭਾਗ (Division)

ਦ੍ਰਿਸ਼: ਗਣਿਤ ਹਸਪਤਾਲ - ਦੋ ਨੰਬਰ ਰੋਂਦੇ ਹੋਏ ਆਉਂਦੇ ਹਨ।

**ਨੰਬਰ 5:** ਓਹ ਰੱਬਾ! ਮੈਨੂੰ ਤਾ ਬਹੁਤ ਛੋਟਾ ਲੱਗਦਾ ਏ!

**ਨੰਬਰ 3:** ਹਾਂ ਜੀ! ਕੋਈ ਸਾਡੀ ਗਿਣਤੀ ਹੀ ਨਹੀ ਕਰਦਾ!

(ਡਾਕਟਰ ਜੋੜ ਦਮਦਾਰ ਐਂਟਰੀ ਮਾਰਦਾ)

**ਡਾਕਟਰ ਜੋੜ:** ਡਰੋ ਨਾ ਬੱਚਿਓ! ਮੈਂ ਜੋੜ!
ਮੈਂ ਨੰਬਰਾਂ ਨੂੰ ਇਕੱਠਾ ਕਰਕੇ ਵੱਡਾ ਤੇ ਤਾਕਤਵਰ ਬਣਾ ਦਿੰਦਾ ਹਾਂ!

$5+3=8$ ✓

**ਨੰਬਰ 8:** ਵਾਹ! ਮੈਂ ਤਾਂ ਹੁਣ ਵੱਡਾ ਨੰਬਰ ਬਣ ਗਿਆ! ਧੰਨਵਾਦ ਡਾਕਟਰ ਜੀ।

(ਨਰਸ ਘਟਾਉ ਆਉਂਦੀ ਹੈ)

**ਨਰਸ ਘਟਾਉ:** ਜੇ ਕੋਈ ਬਹੁਤ ਵੱਡਾ ਹੋ ਜਾਏ ਤਾਂ ਮੈਂ ਉਸਦੀ ਮਦਦ ਕਰਕੇ ਛੋਟਾ ਕਰ ਦਿੰਦੀ ਹਾਂ।

$8-3=5$ ✓

(ਡਾਕਟਰ ਗੁਣਾ ਸਟਾਇਲ ਮਾਰਦਾ ਆਉਂਦਾ ਹੋਇਆ)

**ਡਾਕਟਰ ਗੁਣਾ:** ਮੈਂ ਤਾਂ ਨੰਬਰਾਂ ਨੂੰ ਤੁਰੰਤ ਬਹੁਤ ਵੱਡਾ ਕਰ ਦਿੰਦਾ ਹਾਂ

$3\times5 = 15$ ✓

ਹੁਣ ਤਾ ਸੁਪਰਹੀਰੋ ਨੰਬਰ ਬਣ ਗਿਆ!

# NUMBER

2 8 4



1

3



Topic............................................................Date...........................

ੳ ਡਾਕਟਰ ਭਾਗ (ਵਿਆਹ ਨਾਲ ਆਉਂਦਾ ਹੈ)

ਡਾਕਟਰ ਭਾਗ : ਮੈਂ ਹਰ ਚੀਜ਼ ਬਰਾਬਰ ਵੰਡਣ ਵਿੱਚ ਮਦਦ ਕਰਦਾ ਹਾਂ।

$15 \div 3 = 5$ ✓

'ਮਤ ਨੂੰ ਗਿਆਨ ਮਿਲਿਆ'

→ ਗਣਿਤ ਸਾਡੀ ਜ਼ਿੰਦਗੀ ਨੂੰ ਆਸਾਨ ਬਣਾਉਂਦਾ ਹੈ ਜਦ ਗਣਿਤਿਕ ਕਿਰਿਆ ਦੀ ਆਪਣੀ ਮਹੱਤਤਾ ਹੈ। ਆਓ ਗਣਿਤ ਨਾਲ ਪਿਆਰ ਕਰੀਏ। ♡





Paper & More





